

# Portamedic® ਦੇ ਨਾਲ ਆਪਣੀ ਡਾਕਟਰੀ ਬੀਮਾ ਪਰੀਖਿਆ ਵਾਸਤੇ ਤਿਆਰ ਹੋਣਾ

## Portamedic® ਕੋਣ ਹੈ?

ਕੈਨੇਡਾ ਦੇ ਇਕ ਆਗੂ ਪੈਰਾਮੈਡੀਕਲ ਪ੍ਰੋਵਾਈਡਰ ਵਜੋਂ ਮਾਨਤਾਪ੍ਰਾਪਤ Portamedic®, ਹੂਪਰ-ਹੋਮਸ ਕੈਨੇਡਾ ਲਿਮਿਟਿਡ (Hooper-Holmes Canada Limited), ਦੀ ਇਕ ਸਿਹਤ ਜਾਣਕਾਰੀ ਡਿਵੀਜ਼ਨ ਹੈ। ਅਸੀਂ ਪੈਰਾਮੈਡੀਕਲ ਸੇਵਾ ਦੇਣ ਲਈ ਤੁਹਾਡੇ ਏਜੰਟ ਅਤੇ ਤੁਹਾਡੀ ਬੀਮਾ ਕੰਪਨੀ ਨਾਲ ਭਾਈਵਾਲੀ ਵਿੱਚ ਕੰਮ ਕਰਦੇ ਹਾਂ।

## ਪੈਰਾਮੇਡਿਕਲ ਕੀ ਹੁੰਦਾ ਹੈ?

ਪੈਰਾਮੈਡੀਕਲ ਤੁਹਾਡੀ ਡਾਕਟਰੀ ਜਾਣਕਾਰੀ ਲੈਣ ਵਾਸਤੇ ਇਕ ਦਸਤਾਵੇਜ਼ ਹੁੰਦਾ ਹੈ। ਤੁਹਾਡੀ ਬੀਮਾ ਅਰਜ਼ੀ ਲਈ, ਅੰਡਰਰਾਇਟਿੰਗ ਕਿਰਿਆ ਦਾ ਹਿੱਸਾ ਹੋਣ ਦੇ ਨਾਤੇ, ਡਾਕਟਰੀ ਸੇਵਾਵਾਂ ਲਈ ਇਸਦਾ ਕੀਤਾ ਜਾਣਾ ਲਾਜ਼ਮੀ ਹੁੰਦਾ ਹੈ।

## ਪੈਰਾਮੇਡਿਕਲ ਪਰੀਖਿਆ ਕਦੋਂ ਅਤੇ ਕਿਥੇ ਹੋਵੇਗੀ?

Portamedic® ਦਾ ਇਕ ਸਿਹਤ ਪੇਸ਼ੇਵਰ ਤੁਹਾਨੂੰ ਸੰਪਰਕ ਕਰਕੇ ਤੁਹਾਡੀ ਸਹੂਲਤ ਅਨੁਸਾਰ ਜਲਦੀ ਹੀ ਮਿਲਣ ਦਾ ਸਮਾਂ ਪੱਕਾ ਕਰੇਗਾ। ਤੁਹਾਡੀ ਜ਼ਰੂਰਤਾਂ ਪੂਰੀਆਂ ਕਰਨ ਲਈ ਪਰੀਖਿਆ ਤੁਹਾਡੇ ਘਰ, ਦਫਤਰ ਜਾਂ ਪਰੀਖਿਆ ਸੈਂਟਰ ਵਿੱਚ ਹੋ ਸਕਦੀ ਹੈ।

## ਪਰੀਖਿਆ ਵਿੱਚ ਕੀ ਸ਼ਾਮਲ ਹੋਵੇਗਾ ਅਤੇ ਇਹ ਕਿਨੀ ਦੇਰ ਚਲੇਗੀ?

ਇਕ ਰੁਟੀਨ ਪਰੀਖਿਆ ਵਿੱਚ ਤੁਹਾਡਾ ਡਾਕਟਰੀ ਇਤਿਹਾਸ, ਲੰਬਾਈ, ਪੇਸ਼ਾਬ ਦੀ ਜਾਂਚ, ਰਕਤਚਾਪ ਅਤੇ ਨਬਜ਼ ਸ਼ਾਮਲ ਹੁੰਦੀ ਹੈ।ਪਰੀਖਿਆ ਆਮ ਤੋਰ ਤੇ 20 **ਮਿਨਟਾਂ** ਵਿੱਚ ਖਤਮ ਹੋ ਜਾਂਦੀ ਹੈ; ਭਾਂਵੇ ਇਹ ਤੁਹਾਡੇ ਡਾਕਟਰੀ ਇਤਿਹਾਸ ਤੇ ਜ਼ਿਆਦਾ ਨਿਰਭਰ ਕਰਦੀ ਹੈ।ਕੁਝ ਸੁਆਲ ਦੁਹਰਾਏ ਹੋਏ ਲੱਗ ਸਕਦੇ ਹਨ, ਪਰ ਜ਼ਰੂਰੀ ਹਨ।

## ਕਿਸ ਤਰਾਂ ਦੀ ਡਾਕਟਰੀ ਜਾਣਕਾਰੀ ਪੁੱਛੀ ਜਾਂਦੀ ਹੈ?

ਸਿਹਤ ਪੇਸ਼ੇਵਰ ਤੁਹਾਡੇ ਕੋਲੋਂ ਤੁਹਾਡੇ ਡਾਕਟਰ ਅਤੇ/ਜਾਂ ਸਪੇਸ਼ਲਿਸਟ ਦਾ ਨਾਂ ਅਤੇ ਪਤਾ ਪੁਛੇਗਾ। ਉਹ ਤੁਹਾਡੇ ਨਾਲ ਹੋਏ ਕਿਸੇ ਤਰਾਂ ਦੀ ਬਿਮਾਰੀ, ਸਰਜਰੀ, ਇਲਾਜ, ਦਵਾ-ਦਾਰੂ ਜਾਂ ਕਿਸੇ ਹੋਰ ਤਰਾਂ ਦੇ ਇਲਾਜ ਬਾਰੇ ਵੀ ਪੁਛਣਗੇ। ਤੁਸੀ ਪਰੀਖਿਆ ਵਿੱਚ ਆਪਣਾ ਸਮਾਂ ਬਚਾਓਣ ਲਈ ਪਹਿਲਾਂ ਹੀ ਨੋਟਸ ਬਣਾ ਸਕਦੇ ਹੋ।

## ਕੀ ਕੁਝ ਹੋਰ ਜ਼ਰੂਰਤਾਂ ਵੀ ਹਨ ?

ਜੇਕਰ ਹੋਰ ਟੈਸਟਾਂ ਦੀ ਲੋੜ ਹੋਵੇਗੀ, ਜਿਵੇਂ ਕਿ ਈਸੀਜੀ (ECG) ਜਾਂ ਖ਼ੂਨ ਟੈਸਟ, ਤੁਹਾਨੂੰ ਸਿਹਤ ਪੇਸ਼ੇਵਰ ਵਲੋਂ ਪਹਿਲਾਂ ਹੀ ਤੁਹਾਡੀ ਪਰੀਖਿਆ ਦਾ ਸਮਾਂ ਪੱਕਾ ਕਰਦੇ ਵਕਤ ਦੱਸਿਆ ਜਾਵੇਗਾ।

## ਤੁਹਾਡੀ ਪਰੀਖਿਆ ਦਾ ਸੁਨਿਸ਼ਚਿਤ ਵੇਰਵਾ

ਪੈਰਾਮੈਡੀਕਲ ਫਾਰਮ ਭਰਨ ਤੋਂ ਇਲਾਵਾ, ਸਿਹਤ ਪੇਸ਼ੇਵਰ ਤੁਹਾਡਾ ਭਾਰ, ਲੰਬਾਈ, ਬਲੱਡ-ਪੈਸ਼ਰ ਮਾਪੇਗਾ ਅਤੇ ਜ਼ਰੂਰਤ ਪੈਣ ਤੇ ਖ਼ੂਨ ਲੈ ਸਕਦਾ ਹੈ। ਜ਼ਰੂਰਤ ਪੈਣ ਤੇ ਸਿਹਤ ਪੇਸ਼ੇਵਰ 2-5 ਟਯੂਬਾਂ ਤੱਕ ਖ਼ੂਨ ਕੱਢੇਗਾ।ਸਾਡੇ ਵਿੱਚੋਂ ਜ਼ਿਆਦਾਤਰ ਲੋਕ ਖ਼ੂਨ ਕਢਵਾਉਣ ਲੱਗਿਆਂ ਘਬਰਾ ਜਾਂਦੇ ਹਨ, ਤੁਹਾਨੂੰ ਇਸ ਅਮਲ ਦੌਰਾਨ ਬੈਠਣ ਜਾਂ ਲੇਟਣ ਲਈ ਪ੍ਰੇਰਿਆ ਜਾਂਦਾ ਹੈ। ਸਿਹਤ ਪੇਸ਼ੇਵਰ ਨਾਲ ਕਿਸੇ ਵੀ ਤਰਾਂ ਦੀ ਆਸ਼ੰਕਾ ਬਾਰੇ ਗਲਬਾਤ ਬੇਝਿਜਕ ਕਰੋ। ਹਰ ਬੰਦਾ ਵੱਖਰਾ ਹੁੰਦਾ ਹੈ ਅਤੇ ਉਹਨਾਂ ਦੀਆਂ ਨਾੜੀਆਂ ਵੱਖ-ਵੱਖ ਹੋ ਸਕਦੀਆਂ ਹਨ। ਜੇਕਰ ਇਹ ਲਗੇ ਕਿ ਸਿਹਤ ਪੇਸ਼ੇਵਰ ਨੂੰ ਸਮਾਂ ਲੱਗ ਰਿਹਾ ਹੈ, ਤਾਂ ਇਸਦਾ ਮਤਲਬ ਤੁਹਾਡੀਆਂ ਨਾੜੀਆਂ ਲੱਭਣ ਵਿੱਚ ਮੁਸ਼ਕਲ ਹੈ ਅਤੇ ਇਸਨੂੰ ਸਿਹਤ ਪੇਸ਼ੇਵਰ ਦੀ ਯੋਗਤਾਵਾਂ ਦੇ ਸੰਕੇਤ ਵਜੋਂ ਨਹੀਂ ਲੈਣਾ ਚਾਹੀਦਾ । ਤੁਸੀਂ ਆਪਣਾ ਖ਼ੂਨ ਕਢਵਾਓਣ ਤੋਂ ਬਾਅਦ ਹਲਕੀ ਜਿਹੀ ਖਰਾਸ਼ ਮਹਿਸੂਸ ਕਰ ਸਕਦੇ ਹੋ। ਕਿਸੇ ਵੀ ਤਰ੍ਹਾਂ ਦੀ ਖਰਾਸ਼ ਕੁਝ ਦਿਨਾਂ ਵਿੱਚ ਖਤਮ ਹੋ ਜਾਏਗੀ। ਤੁਹਾਡੀ ਬੇਨਤੀ ਤੇ, ਤੁਹਾਡੇ ਖ਼ੂਨ ਟੈਸਟ ਦੇ ਨਤੀਜੇ ਦੀ ਇਕ ਕਾਪੀ ਸਿੱਧਾ ਤੁਹਾਡੇ ਨਿਜੀ ਡਾਕਟਰ ਨੂੰ ਭੇਜ ਦਿਤੀ ਜਾਏਗੀ। ਕਿਰਪਾ ਕਰਕੇ ਇਹ ਬੇਨਤੀ ਆਪਣੀ ਬੀਮਾ ਕੰਪਨੀ ਦੇ ਅੰਡਰਰਾਇਟਿੰਗ ਵਿਭਾਗ ਨੂੰ ਲਿਖਤੀ ਤੌਰ 'ਤੇ ਕਰੋ।

## ਕੀ ਮੇਰੇ ਦਸਤਖਤ ਦੀ ਲੋੜ ਵੀ ਪਵੇਗੀ ?

ਸਿਹਤ ਪੇਸ਼ੇਵਰ ਤੁਹਾਡੇ ਵਲੋਂ ਦੱਸੀ ਗਈ ਜਾਣਕਾਰੀ ਦੇ ਸਹੀ ਹੋਣ ਨੂੰ ਪੱਕਾ ਕਰਨ ਲਈ ਤੁਹਾਨੂੰ ਭਰਿਆ ਹੋਇਆ ਪੈਰਾਮੈਡੀਕਲ ਪੜ੍ਹ ਕੇ ਦਸਤਖਤ ਕਰਨ ਦੀ ਸਲਾਹ ਦੇਵੇਗਾ। ਉਹ ਸਹਿਮਤੀ ਫਾਰਮ ਦੇ ਨੋਟਿਸ ਵਾਸਤੇ ਵੀ ਤੁਹਾਡੇ ਦਸਤਖਤਾਂ ਲਈ ਬੇਨਤੀ ਕਰੇਗਾ, ਜੋ ਕਿ ਜ਼ਰੂਰਤਾਂ ਪੂਰੀਆਂ ਕਰਨ ਲਈ ਤੁਹਾਡੀ ਸਹਿਮਤੀ ਦੇਵੇਗਾ ਅਤੇ ਲੈਬੋਰਟਰੀ ਨੂੰ ਤੁਹਾਡੇ ਟੈਸਟ ਦੇ ਨਤੀਜੇ ਨੂੰ ਤੁਹਾਡੀ ਬੀਮਾ ਕੰਪਨੀ ਨੂੰ ਦੇਣ ਲਈ ਕਹੇਗਾ

## ਸਾਡੇ ਸਿਹਤ ਪ੍ਰੋਫੇਸ਼ਨਲਾਂ ਬਾਰੇ



ਸਾਡੇ ਸਾਰੇ ਸਿਹਤ ਪੇਸ਼ੇਵਰ ਆਪਣੀ ਡਾਕਟਰੀ ਟ੍ਰੇਨਿੰਗ ਅਤੇ ਗਾਹਕ ਸੇਵਾ ਹੁਨਰ ਲਈ ਬੜੇ ਧਿਆਨ ਨਾਲ ਚੁਣੇ ਜਾਂਦੇ ਹਨ । ਅਸੀਂ ਇਹ ਯਕੀਨੀ ਬਣਾਉਂਦੇ ਹਾਂ ਕਿ ਉਹ ਲਗਾਤਾਰ ਉਚੇ ਮਿਆਰਾਂ ਨੂੰ ਪੂਰੇ ਕਰਨ, ਜੋ ਕਿ Portamedic® ਦਾ ਮਤਲਬ ਹੈ । ਬਾਕੀ ਇਹ ਵੀ ਪੱਕਾ ਕਰਨਾ ਕਿ ਤੁਸੀ ਚੰਗੇ ਹੱਥਾਂ ਵਿੱਚ ਹੋ।

## ਪ੍ਰਾਈਵੇਸੀ

ਨਿਜੀ ਜਾਣਕਾਰੀ ਨੂੰ ਬਚਾਓਣਾ ਸਾਡੇ ਵਾਸਤੇ ਜ਼ਰੂਰੀ ਹੈ ਅਤੇ ਅਸੀਂ ਸਾਰੀ ਜਾਣਕਾਰੀ ਨੂੰ ਸੰਭਾਲਣ ਦੀ ਆਪਣੀ ਜ਼ਿੰਮੇਵਾਰੀ ਨੂੰ ਸਮਝਦੇ ਹਾਂ। ਜੇਕਰ ਤੁਸੀਂ ਸਾਡੀ ਪ੍ਰਾਈਵੇਸੀ ਪਾੱਲਿਸੀ ਪੜਨਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ www.hooperholmes.ca ਤੇ ਜਾਓ ਤੇ ਪ੍ਰਾਈਵੇਸੀ ਨੂੰ ਕਲਿਕ ਕਰੋ ਜਾਂ ਸਾਨੂੰ 866-493-2800 ਤੇ ਸੰਪਰਕ ਕਰੋ।

ਕਪੜੇ ਉਤਾਰਨ ਦੀ ਜ਼ਰੂਰਤ ਨਹੀਂ ਪਰ ਕਿਰਪਾ ਕਰਕੇ ਛੋਟੀ ਬਾਜੂ ਵਾਲੇ ਜਾਂ ਅਜਿਹੇ ਕਪੜੇ ਪਾਓ ਜਿਨਾਂ ਦੀ ਬਾਜੂ ਆਰਾਮ ਨਾਲ ਉਪਰ ਹੋ ਸਕੇ ਤਾਂ ਜੋ ਤੁਹਾਡਾ ਬਲਡ ਪ੍ਰੇਸ਼ਰ ਲੈਣ ਵਿੱਚ ਆਸਾਨੀ ਹੋਵੇ।

ਜੇਕਰ ਤੁਹਾਡੇ ਡੌਲੇ ਵੱਡੇ ਹਨ ਜਾਂ ਮੋਟੀ ਬਾਜੂ ਹੈ, ਕਿਰਪਾ ਕਰਕੇ ਸਿਹਤ ਪ੍ਰੋਫੇਸ਼ਨਲ ਨੂੰ ਪਹਿਲਾਂ ਹੀ ਦੱਸੋ ਤਾਂ ਜੋ ਉਹ ਪਰੀਖਿਆ ਵਿੱਚ ਵੱਡਾ ਬਲਡ ਪ੍ਰੇਸ਼ਰ ਕਫ ਲਿਆਵੇ

### ♦ ਪਰਹੇਜ਼

ਪਰੀਖਿਆ ਤੋਂ ਕੁਝ ਘੰਟੇ ਪਹਿਲਾਂ ਕੈਫੀਨ ਤੋਂ ਪਰਹੇਜ਼ ਕਰੋ

ਪਰੀਖਿਆ ਤੋਂ ਘਟੋ ਘਟ ੮ ਘੰਟੇ ਪਹਿਲਾਂ ਪੀਣ ਵਾਲੇ ਨਸ਼ੀਲੇ ਪਦਾਰਥਾਂ ਤੋਂ ਪਰਹੇਜ਼ ਕਰੋ

ਮਿਲਣ ਦੇ ਨਿਰਧਾਰਤ ਸਮੇਂ ਤੋਂ ਘਟੋ ਘਟ ਇਕ ਘੰਟਾ ਪਹਿਲਾਂ ਸਿਗਰੇਟ ਤੋਂ ਪਰਹੇਜ਼ ਕਰੋ

### ♦ ਜਿਮ ਜਾਣ ਤੋਂ ਬਚੋ

ਅਸੀ ਸਲਾਹ ਦਿੰਦੇ ਹਾਂ ਕਿ ਪਰੀਖਿਆ ਤੋਂ ਘਟ ਤੋਂ ਘਟ 12 ਘੰਟੇ ਪਹਿਲਾਂ ਕਿਸੇ ਵੀ ਕਠਿਨ ਕਸਰਤ ਜਾਂ ਕਿਰਿਆ ਤੋਂ ਬਚੋ। ਜੇਕਰ ਤੁਸੀ ਖੂਨ ਕਢਵਾਇਆ ਹੈ ਤੇ ਅਸੀ ਇਹ ਵੀ ਸਲਾਹ ਦਿੰਦੇ ਹਾਂ ਕਿ ਆਪਣੇ ਖੂਨ ਕਢਵਾਓਣ ਤੋਂ 24 ਘੰਟੇ ਬਾਅਦ ਤਕ ਕੋਈ ਕਠਿਨ ਕਿਰਿਆ ਜਾਂ ਭਾਰੀ ਚੀਜ਼ ਨਾ ਚੁਕੋ।

### ♦ ਵਰਤ

ਇਹ ਵੀ ਸਲਾਹ ਦਿਤੀ ਜਾਂਦੀ ਹੈ ਖੂਨ ਟੇਸਟ ਤੋਂ ੮ ਤੋਂ 10 ਘੰਟੇ ਪਹਿਲਾਂ ਖਾਣਾ ਨਹੀਂ ਚਾਹੀਦਾ; ਜਦ ਤਕ ਤੁਸੀ ਕਿਸੇ ਖਾਸ ਬਿਮਾਰੀ ਤੋਂ ਗ੍ਰਸਤ ਹੋਵੋ।

### ♦ ਪਾਣੀ ਦਾ ਆਨੰਦ

ਜਿਨਾਂ ਚਾਹੋ ਉਨਾਂ ਪਾਣੀ ਪੀਵੋ। ਪੇਸ਼ਾਬ ਦੇ ਸੇਂਪਲ ਨੂੰ ਸਹਾਇਕ ਬਨਾਓਣ ਲਈ ਪਰੀਖਿਆ ਤੋਂ ਇਕ ਘੰਟਾ ਪਹਿਲਾਂ ਇਕ ਗਿਲਾਸ ਪਾਣੀ ਜ਼ਰੂਰ ਪੀਵੋ



## ਡਾਕਟਰੀ ਜਾਣਕਾਰੀ

ਫੈਮਲੀ ਡਾਕਟਰ / ਸਪੇਸ਼ਲਿਸਟ

______________________________

______________________________

______________________________

ਫੈਮਲੀ ਡਾਕਟਰ / ਸਪੇਸ਼ਲਿਸਟ

______________________________

______________________________

______________________________

ਬੀਮਾਰੀ / ਹਾਲਾਤ / ਸੱਟਾਂ:

ਮਿਤੀ / ਤਸ਼ਖੀਸ਼ :

______________________________

ਇਲਾਜ / ਦਵਾਈ:

______________________________

______________________________

ਵਾਧੂ ਜਾਣਕਾਰੀ:

______________________________

______________________________

______________________________

ਚਾਲੂ ਦਵਾਈ:

ਨਾਂ:______________________________

ਖੁਰਾਕ: ______________________________

ਕਾਰਨ: ______________________________

ਨਾਂ:______________________________

ਖੁਰਾਕ: ______________________________

ਕਾਰਨ______________________________

## ਪਰੀਖਿਆ ਲਈ ਤਿਆਰ ਹੋਣ ਵਾਸਤੇ ਜਾਣਕਾਰੀ:



**ਪਰਿਵਾਰਕ ਡਾਕਟਰ ਦਾ ਨਾਮ ਅਤੇ ਪਤਾ**



**ਚਾਲੂ ਦਵਾਈਆਂ ਦੀ ਸੂਚੀ:**
ਦਵਾਈਆਂ ਦੇ ਨਾਂ, ਖੁਰਾਕ ਅਤੇ ਲੈਣ ਦੇ ਸਮੇਂ



**ਬਿਮਾਰਿਆਂ ਦੀ ਸੂਚੀ:**
ਕਿਰਪਾ ਕਰਕੇ ਇਲਾਜ ਦੀ ਮਿਤੀਆਂ ਸ਼ਾਮਲ ਕਰੋ



**ਨਿਜੀ ਸ਼ਨਾਖਤ:**
ਸਿਹਤ ਪੇਸ਼ੇਵਰ ਨੂੰ ਦੇਣ ਲਈ ਕਿਰਪਾ ਕਰਕੇ ਆਪਣੀ ਫੋਟੋ ਵਾਲਾ ਪਛਾਣ-ਪੱਤਰ ਤਿਆਰ ਰਖੋ ਜੀ

## ਤੁਹਾਡੇ ਮਿਲਣ ਦਾ ਸਮਾਂ ਅਨੁਸੂਚਿਤ ਹੈ:

______________ ________ : ______

**ਮਿਤੀ** **ਸਮਾਂ**


HOOPER HOLMES

**ਮਿਤੀ ਸਮਾਂ**
**ਕਾਰਪੋਰੇਟ ਦਫਤਰ:**
**ਟੋਰੋਂਟੋ, ਆਨ**
1-800-268-1272

**www.hooperholmes.ca**